# ਪੰਜਾਬ ਵਿਧਾਨ ਸਭਾ ਸਕੱਤਰੇਤ

## ਬੁੱਧਵਾਰ, ਮਿਤੀ 22 ਮਾਰਚ, 2023 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

### ਅਮਰਗੜ੍ਹ ਦਾ ਬਾਈਪਾਸ ਬਣਾਉਣਾ

147. **ਸਰਦਾਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਮਰਗੜ੍ਹ ਦਾ ਬਾਈਪਾਸ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

### ਹਲਕਾ ਅਮਰਗੜ੍ਹ ਵਿੱਚ ਖੇਡ ਗਰਾਊਂਡ ਬਣਾਉਣਾ

148. **ਸਰਦਾਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ.:–** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਅਮਰਗੜ੍ਹ ਜੋ ਕਿ ਸਭ ਤੋਂ ਵੱਧ ਅਬਾਦੀ ਵਾਲਾ ਸ਼ਹਿਰ ਹੈ ਉਸ ਵਿੱਚ ਕੋਈ ਵੀ ਖੇਡ ਗਰਾਊਂਡ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇੱਥੇ ਖੇਡ ਗਰਾਊਂਡ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

### ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦੀ ਕਰਜਾ ਮੁਆਫੀ

153. **ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਸਰਕਾਰ ਬਣਨ ਤੋਂ ਬਾਅਦ ਕਿੰਨੇ ਕਿਸਾਨਾਂ ਦੇ ਕਿੰਨੀ ਰਕਮ ਦੇ ਕਰਜ਼ੇ ਮੁਆਫ ਕੀਤੇ ਗਏ ਹਨ;

**ਅ)** ਖੇਤੀਹਰ ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਬਾਰੇ ਸਰਕਾਰ ਦਾ ਕੀ ਵਿਚਾਰ ਹੈ?

### ਹਲਕਾ ਚੱਬੇਵਾਲ ਦੇ ਪਸ਼ੂ ਹਸਪਤਾਲਾਂ ਦੇ ਵੇਰਵੇ

154. **ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:–** ਕੀ ਪਸ਼ੂ ਪਾਲਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਹਲਕਾ ਚੱਬੇਵਾਲ ਵਿੱਚ ਕਿੰਨੇ ਪਸ਼ੂਆਂ ਦੇ ਹਸਪਤਾਲ ਹਨ;

**ਅ)** ਇਹਨਾਂ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਕੁੱਲ ਅਸਾਮੀਆਂ ਵਿੱਚੋਂ ਕਿੰਨੀਆਂ ਖਾਲੀ ਹਨ;

**ੲ)** ਇਹਨਾਂ ਅਸਾਮੀਆਂ ਨੂੰ ਭਰਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

### ਹਲਕਾ ਜੀਰਾ ਦੇ ਪਿੰਡਾਂ ਲਈ ਸਰਕਾਰੀ ਬੱਸ ਸੇਵਾ ਦੀ ਸਹੂਲਤ ਦੇਣਾ

197. **ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਜੀਰਾ ਦੇ ਪਿੰਡਾਂ ਵਿੱਚ ਕਿੰਨੇ ਰੂਟਾਂ ਤੇ ਕਿੰਨੀਆਂ ਸਰਕਾਰੀ ਬੱਸ ਸੇਵਾ ਉਪਲੱਬਧ ਹੈ ਅਤੇ ਜਿਹੜੇ ਰੂਟ ਤੇ ਬੱਸ ਸੇਵਾ ਬੰਦ ਹੈ; ਉਹਨਾਂ ਰੂਟਾਂ ਤੇ ਕਦੋਂ ਤੱਕ ਮੁੜ ਇਹ ਸੇਵਾ ਸ਼ੁਰੂ ਕਰ ਦਿੱਤੀ ਜਾਵੇਗੀ?

### ਜੀਰਾ ਸ਼ਹਿਰ ਦਾ ਸੀਵਰੇਜ ਸਿਸਟਮ ਠੀਕ ਕਰਵਾਉਣਾ

198. **ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੀਰਾ ਸ਼ਹਿਰ ਵਿਖੇ ਸੀਵਰੇਜ ਸਿਸਟਮ ਸਹੀ ਕੰਮ ਨਹੀਂ ਕਰ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਨੂੰ ਠੀਕ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

### ਹਲਕਾ ਪੱਛਮੀ ਅੰਮ੍ਰਿਤਸਰ ਦੇ ਇਲਾਕਿਆਂ ਵਿੱਚ ਬੱਚਿਆਂ ਦੇ ਖੇਡਣ ਲਈ ਪਾਰਕ ਬਣਾਉਣਾ

210. **ਡਾ. ਜਸਬੀਰ ਸਿੰਘ ਸੰਧੂ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਪੱਛਮੀ ਅੰਮ੍ਰਿਤਸਰ ਦੇ ਵਿੱਚ ਪੈਂਦੇ ਬਹੁਤ ਸਾਰੇ ਇਲਾਕਿਆਂ ਵਿੱਚ ਬੱਚਿਆਂ ਦੇ ਖੇਡਣ ਲਈ ਪਾਰਕਾਂ ਦੀ ਬਹੁਤ ਘਾਟ ਹੈ; ਜੇਕਰ ਅਜਿਹਾ ਹੈ ਤਾਂ ਕੀ ਇਹਨਾਂ ਪਾਰਕਾਂ ਦੇ ਨਿਰਮਾਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

### ਇਸਲਾਮਾਬਾਦ ਵਿੱਚ ਪੈਂਦੇ 22 ਨੰਬਰ ਫਾਟਕ ਤੇ ਬਣ ਰਹੇ ਪੁੱਲ ਦੀ ਉਸਾਰੀ ਕਰਨਾ

211. **ਡਾ. ਜਸਬੀਰ ਸਿੰਘ ਸੰਧੂ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਇਸਲਾਮਾਬਾਦ ਵਿੱਚ ਪੈਂਦੇ 22 ਨੰਬਰ ਫਾਟਕ ਤੇ ਬਣ ਰਿਹਾ ਪੁੱਲ ਜੋ ਕਾਫੀ ਸਮੇਂ ਤੋਂ ਉਸਾਰੀ ਅਧੀਨ ਹੈ, ਉਸ ਦੀ ਉਸਾਰੀ ਕਦੋਂ ਤੱਕ ਹੋ ਜਾਵੇਗੀ;

**ਅ)** ਕੀ ਇਹ ਠੀਕ ਹੈ ਕਿ 22 ਨੰਬਰ ਫਾਟਕ ਤੋਂ ਇੰਦਰਪੁਰੀ ਇਲਾਕੇ ਵੱਲ ਜਾਂਦਾ ਰਸਤਾ ਖਰਾਬ ਹੋਣ ਕਾਰਨ ਉੱਥੋਂ ਦੇ ਲੋਕਾਂ ਅਤੇ ਇਸ ਇਲਾਕੇ ਦੇ ਨਾਲ ਲਗਦੀਆਂ ਬਹੁਤ ਸਾਰੀਆਂ ਅਬਾਦੀਆਂ ਦੇ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਰਸਤੇ ਨੂੰ ਠੀਕ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

### ਸੁਲਤਾਨਪੁਰ ਲੋਧੀ ਵਿੱਚ ਵਿਰਾਸਤੀ ਇੰਤਕਾਲ ਲਈ ਅਪਲਾਈ ਕੀਤੇ ਕੇਸਾਂ ਦੇ ਵੇਰਵੇ

213. **ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :–

**ੳ)** ਪਿਛਲੇ ਪੰਜ ਸਾਲਾਂ ਦੌਰਾਨ ਸਾਲ–ਵਾਰ ਜ਼ਿਲ੍ਹਾ ਕਪੂਰਥਲਾ ਦੀ ਤਹਿਸੀਲ ਸੁਲਤਾਨਪੁਰ ਲੋਧੀ ਵਿੱਚ "ਵਿਰਾਸਤੀ ਇੰਤਕਾਲ" ਲਈ ਅਪਲਾਈ ਕੀਤੇ ਗਏ ਕੇਸਾਂ ਦੀ ਗਿਣਤੀ ਕਿੰਨੀ ਹੈ ;

**ਅ)** ਉਪਰੋਕਤ ਵਰਣਿਤ ਕੀਤੇ ਗਏ ਕੇਸਾਂ ਵਿੱਚੋਂ ਅਜਿਹੇ ਕੇਸਾਂ ਦੀ ਸਾਲ–ਵਾਰ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਪ੍ਰਵਾਨਗੀ ਨਹੀਂ ਦਿੱਤੀ ਗਈ/ਜੋ ਪ੍ਰਵਾਨਗੀ ਲਈ ਲੰਬਿਤ ਪਏ ਹਨ ਅਤੇ ਇਸਦੇ ਕੀ ਕਾਰਨ ਹਨ?

### ਤਹਿਸੀਲ ਸੁਲਤਾਨਪੁਰ ਲੋਧੀ ਅਤੇ ਕਪੂਰਥਲਾ ਵਿੱਚ ਹੜ੍ਹਾਂ ਨਾਲ ਹੋਏ ਫਸਲਾਂ ਦੇ ਨੁਕਸਾਨ ਦੇ ਵੇਰਵੇ

214. **ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ **ਪਿਛਲੇ** ਛੇ ਸਾਲਾਂ ਦੌਰਾਨ, ਸਾਲ–ਵਾਰ, ਤਹਿਸੀਲ ਸੁਲਤਾਨਪੁਰ ਲੋਧੀ ਅਤੇ ਕਪੂਰਥਲਾ ਵਿੱਚ ਹੜ੍ਹਾਂ ਨਾਲ ਹੋਏ ਫਸਲਾਂ ਦੇ ਨੁਕਸਾਨ ਦੇ ਵੇਰਵੇ ਕੀ ਹਨ ਅਤੇ ਇਸ ਸਮੇਂ ਦੌਰਾਨ ਸਬੰਧਤ ਕਿਸਾਨਾਂ ਨੂੰ ਅਦਾ ਕੀਤੇ ਗਏ ਮੁਆਵਜੇ ਦੇ ਸਾਲ–ਵਾਰ ਵੇਰਵੇ ਕੀ ਹਨ?

### ਸਾਲ 2015 ਤੋਂ ਮੁਲਾਜ਼ਮਾਂ ਨੂੰ ਡੀ.ਏ. ਦੇ ਬਣਦੇ ਏਰੀਅਰ ਦਾ ਲਾਭ ਦੇਣਾ

216. **ਡਾ. ਚਰਨਜੀਤ ਸਿੰਘ, ਐਮ.ਐਲ.ਏ.:–** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮੁਲਾਜ਼ਮਾਂ ਨੂੰ ਸਾਲ 2015 ਤੋਂ ਪੇਅ ਕਮਿਸ਼ਨ ਦੇ ਲਾਭ 119 ਫੀਸਦੀ ਡੀ.ਏ. ਦੇ ਹਿਸਾਬ ਨਾਲ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਹ ਲਾਭ ਤੇ ਬਣਦਾ ਏਰੀਅਰ ਅਤੇ ਛੇਵੇਂ ਪੇਅ ਕਮਿਸ਼ਨ ਦਾ ਏਰੀਅਰ ਕਦੋਂ ਤੱਕ ਜਾਰੀ ਕਰ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

### ਜੇਲ੍ਹਾਂ ਵਿੱਚ ਕੈਦੀਆਂ ਨੂੰ ਦਿੱਤੀ ਜਾਂਦੀ ਮੁਸ਼ੱਕਤ ਦੇ ਵੇਰਵੇ

218. **ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਜੇਲ੍ਹਾਂ ਵਿੱਚ ਜੋ ਵੀ ਕੈਦੀ ਹਨ, ਸਰਕਾਰ ਵੱਲੋਂ ਉਨ੍ਹਾਂ ਨੂੰ ਕਿੰਨੀ ਮੁਸ਼ੱਕਤ ਦਿੱਤੀ ਜਾਂਦੀ ਹੈ, ਇਸ ਸਬੰਧੀ ਪਿਛਲੇ 15 ਸਾਲਾਂ ਦੇ ਅੰਕੜੇ ਦਿੱਤੇ ਜਾਣ;

**ਅ)** ਕੀ ਕੈਦੀਆਂ ਨੂੰ ਦਿੱਤੀ ਜਾਣ ਵਾਲੀ ਮੁਸ਼ੱਕਤ ਕਿਰਤ ਵਿਭਾਗ ਵੱਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਮੁਤਾਬਿਕ ਤੈਅ ਕੀਤੀਆਂ ਗਈਆਂ ਹਨ?

### ਸਰਦ ਰੁੱਤਾਂ ਦੌਰਾਨ ਮਰੇ ਕੈਦੀਆਂ ਦੀ ਗਿਣਤੀ

219. **ਰਾਣਾ ਗੁਰਜੀਤ ਸਿੰਘ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਠੰਡ ਦੇ ਕਾਰਨ ਪਿਛਲੀਆਂ ਪੰਜ ਸਰਦ ਰੁੱਤਾਂ ਦੌਰਾਨ ਮਰੇ ਕੈਦੀਆਂ ਦੀ ਜੇਲ੍ਹ ਵਾਰ ਗਿਣਤੀ ਕਿੰਨੀ ਹੈ;

**ਅ)** ਸਰਦ ਮੌਸਮ ਤੋਂ ਕੈਦੀਆਂ ਨੂੰ ਬਚਾਉਣ ਲਈ ਚੁੱਕੇ ਗਏ ਅਤੇ ਚੁੱਕੇ ਜਾਣ ਵਾਲੇ ਕਦਮ ਕੀ ਹਨ?

ਪਰਤੋਂ ਜੀ.........

**ਹਲਕਾ ਕਪੂਰਥਲਾ ਵਿੱਚ ਮੰਜੂਰ ਕੀਤੀਆਂ ਨਵੀਆਂ ਬਣਨ ਵਾਲੀਆਂ ਸੜਕਾਂ ਦੇ ਵੇਰਵੇ**

220. **ਰਾਣਾ ਗੁਰਜੀਤ ਸਿੰਘ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਕਪੂਰਥਲਾ ਵਿਚ ਪਿਛਲੇ ਪੰਜ ਸਾਲਾਂ ਦੇ ਦੌਰਾਨ ਮੰਜੂਰ ਕੀਤੀਆਂ ਨਵੀਂਆ ਬਣਨ ਵਾਲੀਆਂ ਸੜਕਾਂ ਦੇ ਨਾਂ ਕੀ ਹਨ ਅਤੇ ਮੁਰੰਮਤ ਕੀਤੇ ਜਾਣ ਵਾਲੀਆ ਮੰਜੂਰ ਕੀਤੀਆਂ ਗਈਆਂ ਸੜਕਾਂ ਦੇ ਵਖਰੇ-ਵਖਰੇ ਤੌਰ ਤੇ ਕੀ ਨਾਂ ਹਨ; ਇਨ੍ਹਾਂ ਦੀ ਮੌਜੂਦਾ ਸਥਿਤੀ ਕੀ ਹੈ?

**ਰਾਜ ਵਿੱਚ ਦਸੰਬਰ 2021, ਦਸੰਬਰ, 2022 ਅਤੇ ਜਨਵਰੀ, 2023 ਦੇ ਮਹੀਨਿਆਂ ਦੌਰਾਨ ਡਿਸਪੈਂਸਰੀਆਂ ਅਤੇ ਇਹਨਾਂ ਵਿੱਚ ਮਰੀਜਾਂ ਦੇ ਕੀਤੇ ਇਲਾਜ ਦੀ ਗਿਣਤੀ ਦੇ ਵੇਰਵੇ**

221. **ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਰਾਜ ਵਿੱਚ ਦਸੰਬਰ, 2021 ਦੇ ਮਹੀਨੇ ਵਿੱਚ ਹੈਲਥ ਡਿਸਪੈਂਸਰੀਆਂ ਦੀ ਕੁੱਲ ਗਿਣਤੀ, ਜ਼ਿਲ੍ਹਾ-ਵਾਰ ਵੇਰਵੇ ਕੀ ਸਨ ਅਤੇ ਇਨ੍ਹਾਂ ਡਿਸਪੈਂਸਰੀਆਂ ਵਿੱਚ ਇਲਾਜ ਕੀਤੇ ਗਏ ਮਰੀਜਾਂ ਦੀ ਜ਼ਿਲ੍ਹਾ-ਵਾਰ ਕੁੱਲ ਗਿਣਤੀ ਕਿੰਨੀ ਹੈ;

**ਅ)** ਦਸੰਬਰ, 2022 ਅਤੇ ਜਨਵਰੀ, 2023 ਦੇ ਮਹੀਨਿਆਂ ਵਿੱਚ ਰਾਜ ਵਿੱਚ ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਕਤ ਮਹੀਨਿਆਂ ਵਿੱਚ ਇਨ੍ਹਾਂ ਡਿਸਪੈਂਸਰੀਆਂ ਵਿੱਚ ਇਲਾਜ ਕੀਤੇ ਗਏ ਮਰੀਜਾਂ ਦੀ ਗਿਣਤੀ, ਜ਼ਿਲ੍ਹਾ-ਵਾਰ ਵੇਰਵੇ ਕੀ ਹਨ?

**ੲ)** ਕੀ ਅਪ੍ਰੈਲ, 2022 ਤੋਂ ਜਨਵਰੀ, 2023 ਤੱਕ ਦੇ ਸਮੇਂ ਦੌਰਾਨ ਜ਼ਿਲ੍ਹਾ-ਵਾਰ ਕੋਈ ਹੈਲਥ ਡਿਸਪੈਂਸਰੀਆਂ ਬੰਦ ਕੀਤੀਆਂ ਗਈਆਂ ਹਨ?

**ਇੰਡਸਟਰੀ ਅਤੇ ਵਪਾਰੀਆਂ ਤੇ GST ਦੇ ਸਬੰਧ ਵਿੱਚ ਕੀਤੀਆਂ ਰੇਡਾਂ ਦੇ ਵੇਰਵੇ**

222. **ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਐਮ.ਐਲ.ਏ.:-** ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਵਿੱਤੀ ਸਾਲ ਦੌਰਾਨ GST ਕਲੈਕਸ਼ਨ ਦੇ ਲਈ ਇੰਡਸਟਰੀ ਅਤੇ ਵਪਾਰੀਆਂ ਤੇ GST ਦੇ ਸਬੰਧ ਵਿੱਚ ਕਿੰਨੇ ਛਾਪੇ ਮਾਰੇ ਅਤੇ ਪਿਛਲੀ ਸਰਕਾਰ 2017-2022 ਦੇ ਦੌਰਾਨ ਇੰਡਸਟਰੀ ਅਤੇ ਵਪਾਰੀਆਂ ਤੇ GST ਦੇ ਸਬੰਧ ਵਿੱਚ ਕਿੰਨੇ ਛਾਪੇ ਮਾਰੇ ਸੀ; ਵੇਰਵੇ ਸਹਿਤ ਦੱਸਿਆ ਜਾਵੇ?

**ਪੰਜਾਬ ਵਿੱਚ ਸਰਕਾਰੀ ਪ੍ਰਾਇਮਰੀ, ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਨਵੇਂ ਅਧਿਆਪਕਾਂ ਦੀ ਭਰਤੀ ਕਰਨਾ**

223. **ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਵਿੱਚ ਸਰਕਾਰੀ ਪ੍ਰਾਇਮਰੀ, ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਖਾਲੀ ਅਸਾਮੀਆਂ ਦੇ ਵਿਰੁੱਧ ਨਵੇਂ ਅਧਿਆਪਕਾਂ ਦੀ ਭਰਤੀ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਇਹਨਾਂ ਸਕੂਲਾਂ ਵਿੱਚ ਭਰੀਆਂ ਗਈਆਂ ਅਸਾਮੀਆਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ?

**ਸੂਬੇ ਵਿੱਚ ਰਾਖਵਾਂਕਰਨ ਦੇਣ ਵਾਲੀ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰਨਾ**

*224. **ਡਾ. ਨਛੱਤਰ ਪਾਲ, ਐਮ.ਐਲ.ਏ.:-** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਰਾਜ ਸਰਕਾਰ ਨੇ ਅਨੁਸੂਚਿਤ ਜਾਤੀ ਅਤੇ ਪਛੜੀਆਂ ਜਾਤੀਆਂ ਤੇ ਹੋਰਨਾਂ ਕੰਮਜੋਰ ਵਰਗ ਦੇ ਲੋਕਾਂ ਨੂੰ ਸਿੱਖਿਆ ਅਤੇ ਸਰਕਾਰੀ ਨੌਕਰੀਆਂ ਵਿੱਚ ਉਨ੍ਹਾਂ ਦੀ ਅਬਾਦੀ ਅਨੁਸਾਰ ਰਾਖਵਾਂਕਰਨ ਦੇਣ ਵਾਲੀ ਮੰਡਲ ਕਮਿਸ਼ਨ ਰਿਪੋਰਟ ਸੂਬੇ ਵਿੱਚ ਲਾਗੂ ਨਹੀਂ ਕੀਤੀ ਹੋਈ ਹੈ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸੂਬੇ ਵਿੱਚ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**16 ਮਾਰਚ 2022 ਤੋਂ ਮਿਤੀ ਅੰਤ ਤੱਕ ਸ਼੍ਰੇਣੀ ਵਾਰ ਪਬਲਿਕ ਸਰਵਿਸ ਕਮਿਸ਼ਨ ਅਤੇ ਅਧੀਨ ਸੇਵਾਵਾਂ ਬੋਰਡ ਦੁਆਰਾ ਕੀਤੀ ਭਰਤੀ ਦੇ ਵੇਰਵੇ**

**225. ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.:-** ਕੀ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** 16 ਮਾਰਚ 2022 ਤੋਂ ਮਿਤੀ ਅੰਤ ਤੱਕ ਸ਼੍ਰੇਣੀ ਵਾਰ ਪਬਲਿਕ ਸਰਵਿਸ ਕਮਿਸ਼ਨ ਅਤੇ ਅਧੀਨ ਸੇਵਾਵਾਂ ਬੋਰਡ ਜਾਂ ਕਿਸੇ ਹੋਰ ਭਰਤੀ ਏਜੰਸੀ ਦੁਆਰਾ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਪ੍ਰਕਾਸ਼ਿਤ ਕੀਤੀ ਗਈਆਂ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

**ਅ)** ਉਪਰੋਕਤ ਭਾਗ (ੳ) ਵਿੱਚ ਵਰਣਿਤ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਹਨਾਂ ਲਈ ਲੋੜੀਂਦੇ ਟੈਸਟ/ਪ੍ਰੀਖਿਆਵਾਂ ਰੱਖੀਆਂ ਗਈਆਂ ਸਨ ਅਤੇ ਇਹਨਾਂ ਦੇ ਘੋਸ਼ਿਤ ਨਤੀਜੇ ਮਿਤੀ ਅੰਤ ਤੱਕ ਕੀ ਹਨ;

**ੲ)** ਉਪਰੋਕਤ ਭਾਗ (ੳ) ਵਿੱਚ ਵਰਣਿਤ ਉਮੀਦਵਾਰਾਂ ਦੀ ਸ਼੍ਰੇਣੀ-ਵਾਰ ਅਤੇ ਵਿਭਾਗ-ਵਾਰ ਕੁੱਲ ਗਿਣਤੀ ਕਿੰਨੀ-ਕਿੰਨੀ ਹੈ ਜਿਹਨਾਂ ਨੂੰ ਮਿਤੀ ਅੰਤ ਤੱਕ ਵੱਖ-ਵੱਖ ਅਸਾਮੀਆਂ ਲਈ ਨਿਯੁਕਤੀ ਪੱਤਰ ਜਾਂ ਜੁਆਇਨਿੰਗ ਲੈਟਰ ਜਾਰੀ ਕੀਤੇ ਜਾ ਚੁੱਕੇ ਹਨ?

**ਭਾਦਸੋਂ ਵਿਖੇ ਸਰਕਾਰੀ ਕਾਲਜ ਬਣਾਉਣਾ**

231. **ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਨੇ ਭਾਦਸੋਂ ਵਿਖੇ ਸਰਕਾਰੀ ਕਾਲਜ ਬਣਾਉਣ ਦੀ ਮੰਜ਼ੂਰੀ ਦਿੱਤੀ ਸੀ;

**ਅ)** ਜੇਕਰ ਅਜਿਹਾ ਹੈ ਤਾਂ ਭਾਦਸੋਂ ਵਿਖੇ ਸਰਕਾਰੀ ਕਾਲਜ ਬਣਾਉਣ ਦਾ ਕੰਮ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ?

**ਖੇਤੀਬਾੜੀ ਮਹਿਕਮੇ ਦੀ ਨਾਭਾ ਵਿਖੇ 13 ਏਕੜ ਜਮੀਨ ਤੇ ਹਾਈਟੈਕ ਲੈਬੋਰਟਰੀ ਬਣਾਉਣਾ**

232. **ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਖੇਤੀਬਾੜੀ ਮਹਿਕਮੇ ਦੀ ਨਾਭਾ-ਭਵਾਨੀਗੜ ਰੋਡ ਤੇ 13 ਏਕੜ ਜਮੀਨ ਦਾ ਮਹਿਕਮੇ ਵੱਲੋਂ ਪੂਰਨ ਉਪਯੋਗ ਕੀਤਾ ਜਾ ਰਿਹਾ ਹੈ; ਜੇਕਰ ਹਾਂ ਤਾਂ ਉਸ ਜਮੀਨ ਨੂੰ ਕਿਸ-ਕਿਸ ਕੰਮ ਲਈ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ;

**ਅ)** ਜੇਕਰ ਨਹੀਂ ਤਾਂ ਕੀ ਸਰਕਾਰ ਇਸ ਜਮੀਨ ਉੱਤੇ ਕਿਸਾਨਾਂ ਦੀ ਸੁਵਿਧਾ ਲਈ ਹਾਈਟੈਕ ਲੈਬੋਰਟਰੀ ਜਿਥੇ ਮਿੱਟੀ ਅਤੇ ਪਾਣੀ ਦੀ ਜਾਂਚ ਹੋ ਸਕੇ ਬਣਾਉਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

**ਸੜਕਾਂ ਦੀਆਂ ਸਾਈਡਾਂ ਤੇ ਸੁੱਕੇ ਹੋਏ ਰੁੱਖਾਂ ਦੀ ਸੰਭਾਲ ਕਰਨਾ**

233. **ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:-** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੜਕਾਂ ਦੀਆਂ ਸਾਈਡਾਂ ਤੇ ਜੋ ਸੁੱਕੇ ਹੋਏ ਰੁੱਖ ਹਨ, ਉਹਨਾਂ ਨੂੰ ਕਨੂੰਨੀ ਤਰੀਕੇ ਨਾਲ ਕਟਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਨਹਿਰੀ ਪਾਣੀ ਵਾਲੇ ਸੂਏ ਅਤੇ ਖਾਲ ਮੁੜ ਸ਼ੁਰੂ ਕਰਨਾ**

234. **ਸਰਦਾਰ ਗੁਰਦੇਵ ਸਿੰਘ ਦੇਵ ਮਾਨ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਹਿਰੀ ਪਾਣੀ ਵਾਲੇ ਸੂਏ ਅਤੇ ਖਾਲ ਜੋ ਕਿ ਲੋਕਾਂ ਵੱਲੋਂ ਵਾਹੇ ਜਾ ਚੁੱਕੇ ਹਨ ਨੂੰ ਮੁੜ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤਕ?

**ਜੈਨਰਿਕ ਦਵਾਈਆਂ ਦੀ ਵਰਤੋਂ ਲਈ ਉਪਰਾਲੇ ਕਰਨਾ**

236. **ਸ਼੍ਰੀ ਰਜਨੀਸ਼ ਕੁਮਾਰ ਦਹੀਯਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਵਿੱਚ ਅਤੇ ਖਾਸ ਕਰਕੇ ਹਲਕਾ ਫਿਰੋਜ਼ਪੁਰ ਦਿਹਾਤੀ ਵਿੱਚ ਜੈਨਰਿਕ ਦਵਾਈਆਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਅਤੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਕਿਹੜੇ ਕਿਹੜੇ ਉਪਰਾਲੇ ਕੀਤੇ ਜਾ ਰਹੇ ਹਨ; ਅੰਕੜਿਆਂ ਵਾਈਜ਼ ਦੱਸਿਆ ਜਾਵੇ?

**ਹਲਕਾ ਰਾਏਕੋਟ ਵਿਖੇ ਸਟੇਡੀਅਮਾਂ ਦੀ ਗਿਣਤੀ**

241. **ਸ਼੍ਰੀ ਹਾਕਮ ਸਿੰਘ ਠੇਕੇਦਾਰ, ਐਮ.ਐਲ.ਏ.:-** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਹਲਕਾ ਰਾਏਕੋਟ ਵਿਖੇ ਮੌਜੂਦਾ ਸਮੇਂ ਕਿੱਥੇ-ਕਿੱਥੇ ਤੇ ਕੁੱਲ ਕਿੰਨੇ ਸਟੇਡੀਅਮ ਹਨ ਅਤੇ ਕੀ ਉਹਨਾਂ ਵਿੱਚ ਇੰਫਰਾਸਟ੍ਰਕਚਰ ਮੌਜੂਦ ਹੈ; ਜੇਕਰ ਨਹੀਂ ਤਾਂ ਸਰਕਾਰ ਇਸ ਨੂੰ ਪੂਰਾ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ;

**ਅ)** ਸਰਕਾਰ ਹਲਕਾ ਰਾਏਕੋਟ ਵਿਖੇ ਖੇਡਾਂ ਵਾਸਤੇ ਹੋਰ ਕਿਹੜੇ ਕਿਹੜੇ ਪਿੰਡਾਂ ਕਸਬਿਆਂ ਵਿੱਚ ਸਟੇਡੀਅਮ ਬਣਾਉਣ ਦਾ ਵਿਚਾਰ ਰੱਖਦੀ ਹੈ?

**ਹਲਕਾ ਰਾਏਕੋਟ ਵਿੱਚ ਬਲੱਡ-ਬੈਂਕ ਖੋਲ੍ਹਣਾ**

242. **ਸ਼੍ਰੀ ਹਾਕਮ ਸਿੰਘ ਠੇਕੇਦਾਰ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਰਾਏਕੋਟ ਵਿੱਚ ਬਲੱਡ-ਬੈਂਕ ਖੋਲ੍ਹਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ ਇਸ ਨੂੰ ਖੋਲ੍ਹਿਆ ਜਾਵੇਗਾ?

**ਪਰਤੋਂ ਜੀ.........**

**ਰਾਜ ਦੇ ਉਸਾਰੇ ਗਏ ਉਦਯੋਗਿਕ ਫੋਕਲ ਪੁਆਇੰਟਾਂ ਦੇ ਵੇਰਵੇ**

243. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਰਾਜ ਦੇ ਉਦਯੋਗਿਕ ਫੋਕਲ ਪੁਆਇੰਟ ਜਿਸ ਉਦੇਸ਼, ਮਿਸ਼ਨ ਤੇ ਟੀਚੇ ਪ੍ਰਾਪਤ ਕਰਨ ਲਈ ਉਸਾਰੇ ਗਏ ਸੀ ਉਨ੍ਹਾਂ ਦੀ ਪੂਰਤੀ ਫੋਕਲ ਪੁਆਇੰਟ ਕਰ ਪਾ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਫੋਕਲ ਪੁਆਇੰਟ ਵਾਇਜ਼ ਇਨ੍ਹਾਂ ਦੇ ਨਤੀਜਿਆਂ ਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

**ਅ)** ਰਾਜ ਸਰਕਾਰ ਵੱਲੋਂ ਵਿੱਤੀ ਸਾਲ 2022-23 ਵਿੱਚ ਫੋਕਲ ਪੁਆਇੰਟ ਦੇ ਨਵੀਨੀਕਰਨ ਅਤੇ ਵਿਸਥਾਰ ਲਈ ਕਿੰਨੀ ਰਾਸ਼ੀ ਰੱਖੀ ਗਈ ਸੀ ਤੇ ਹੁਣ ਤੱਕ ਕਿੰਨੀ ਰਾਸ਼ੀ ਖਰਚ ਕੀਤੀ ਗਈ ਹੈ ਅਤੇ ਭਵਿੱਖ ਵਿੱਚ ਮੌਜੂਦਾ ਉਦਯੋਗਿਕ ਫੋਕਲ ਪੁਆਇੰਟ ਦੇ ਨਵੀਨੀਕਰਨ ਤੇ ਵਿਸਥਾਰ ਤੋਂ ਇਲਾਵਾ ਹੋਰ ਨਵੇਂ ਉਦਯੋਗਿਕ ਫੋਕਲ ਪੁਆਇੰਟ ਉਸਾਰਨ ਲਈ ਸਰਕਾਰ ਦੀ ਕੀ ਪਾਲਿਸੀ ਹੈ; ਵੇਰਵੇ ਸਾਹਿਤ ਦੱਸਿਆ ਜਾਵੇ?

**ਰਾਜ ਦੇ ਸ਼ਹਿਰਾਂ ਬਠਿੰਡਾ, ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿਖੇ ਸਫਾਈ ਸੁਵਿਧਾਵਾਂ ਦੇ ਪ੍ਰਬੰਧ ਕਰਨਾ**

244. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਰਾਜ ਦੇ ਸ਼ਹਿਰਾਂ ਵਿੱਚ, ਖਾਸ ਕਰਕੇ ਬਠਿੰਡਾ, ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿੱਚ ਸਫਾਈ ਦੇ ਬਹੁਤ ਮਾੜੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਸ਼ਹਿਰਾਂ ਵਿੱਚ ਸਫਾਈ ਸੁਵਿਧਾਵਾਂ ਜਿਵੇਂ ਕਿ ਸੀਵਰੇਜ਼, ਗੰਦੇ ਪਾਣੀ ਦੇ ਨਿਕਾਸ ਅਤੇ ਸਾਲਿਡ ਮੈਨੇਜਮੈਂਟ ਦੇ ਬਹੁਤ ਚੰਗੇ ਪ੍ਰਬੰਧ ਕੀਤੇ ਜਾਣਗੇ ਤਾਂ ਜੋ ਇਹ ਸ਼ਹਿਰ ਬਹੁਤ ਸੋਹਣੇ ਲੱਗ ਸਕਣ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਵਿੱਤੀ ਸਾਲ 2022-23 ਵਿੱਚ ਕਿੰਨੇ ਫੰਡਜ਼ ਖਰਚ ਕੀਤੇ ਗਏ ਹਨ ਅਤੇ ਭਵਿੱਖ ਵਿੱਚ ਇਨ੍ਹਾਂ ਸ਼ਹਿਰਾਂ ਵਿੱਚ ਉਪਰੋਕਤ ਕੰਮ ਕਰਨ ਦੀ ਕੀ ਪਾਲਿਸੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਰੌਲ ਤੋਂ ਰਾੜਾ ਸਾਹਿਬ ਸੜਕ ਦੀ ਰਿਪੇਅਰ ਕਰਨਾ**

245. **ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰੌਲ ਤੋਂ ਰਾੜਾ ਸਾਹਿਬ ਸੜਕ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਪਹਿਲਾਂ ਇਸ ਦੀ ਰਿਪੇਅਰ ਕਿਸ ਸਮੇਂ ਅਤੇ ਕਿੰਨੇ ਕਿਲੋਮੀਟਰ ਦੀ ਹੋਈ ਸੀ ਅਤੇ ਇਸ ਦੀ ਮਿਆਦ ਕਿੰਨੀ ਸੀ ਅਤੇ ਹੁਣ ਇਹ ਰਿਪੇਅਰ ਕਦੋਂ ਹੋਵੇਗੀ?

**ਬਿਜਲੀ ਉਤਪਾਦਨ ਤੇ ਟ੍ਰਾਂਸਮਿਸ਼ਨ ਵਿੱਚ ਵਾਧਾ ਅਤੇ ਬਿਜਲੀ ਵੰਡ ਪ੍ਰਣਾਲੀ ਨੂੰ ਅੱਪਗ੍ਰੇਡ ਰੱਖਣਾ**

246. **ਡਾ. ਨਛੱਤਰ ਪਾਲ, ਐਮ.ਐਲ.ਏ.:-** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਨੇ ਸੂਬੇ ਦੇ ਉਦਯੋਗਿਕ, ਖੇਤੀਬਾੜੀ ਅਤੇ ਘਰੇਲੂ ਖਪਤਕਾਰਾਂ ਨੂੰ ਭਵਿੱਖ ਵਿੱਚ ਸਸਤੀ ਤੇ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ ਰਾਜ ਦੀ ਲਗਾਤਾਰ ਵੱਧ ਰਹੀ ਬਿਜਲੀ ਡਿਮਾਂਡ ਅਨੁਸਾਰ ਬਿਜਲੀ ਉਤਪਾਦਨ ਤੇ ਟ੍ਰਾਂਸਮਿਸ਼ਨ ਵਿੱਚ ਵਾਧਾ ਅਤੇ ਬਿਜਲੀ ਵੰਡ ਪ੍ਰਣਾਲੀ ਨੂੰ ਅੱਪ-ਗ੍ਰੇਡ ਰੱਖਣ ਨੂੰ ਯਕੀਨੀ ਬਣਾਉਣ ਲਈ ਵਿੱਤੀ ਸਾਲ, 2022-23 ਵਿੱਚ ਕੋਈ ਕਾਰਵਾਈ ਕੀਤੀ ਹੈ; ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਮੈਂਟਲ ਹੈਲਥ ਕੇਅਰ ਐਕਟ, 2017 ਦੇ ਅਧੀਨ ਦਰਜ ਕੀਤੀਆਂ ਮੈਂਟਲ ਹੈਲਥ ਸੰਸਥਾਵਾਂ ਦੇ ਵੇਰਵੇ**

247. **ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਸਰਕਾਰ ਨੇ ਮੈਂਟਲ ਹੈਲਥ ਕੇਅਰ ਐਕਟ, 2017 ਦੇ ਅਧੀਨ ਸਟੇਟ ਮੈਂਟਲ ਹੈਲਥ ਅਥਾਰਿਟੀ (ਐਸ.ਐਮ.ਐਚ.ਏ.) ਗਠਿਤ ਕੀਤੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ; ਜੇਕਰ ਅਜਿਹਾ ਨਾ ਹੋਵੇ ਤਾਂ ਇਸ ਲਈ ਕੀ ਕਾਰਨ ਹਨ;

**ਅ)** ਐਸ.ਐਮ.ਐਚ.ਏ. ਵਲੋਂ ਦਰਜ ਕੀਤੀਆਂ ਗਈਆਂ ਮੈਂਟਲ ਹੈਲਥ ਸੰਸਥਾਵਾਂ ਦੀ ਗਿਣਤੀ ਕਿੰਨੀ ਹੈ ਅਤੇ ਅਜਿਹੀਆਂ ਸਾਰੀਆਂ ਸੰਸਥਾਵਾਂ ਦੇ ਨਾਮ ਕੀ-ਕੀ ਹਨ;

**ੲ)** ਐਸ.ਐਮ.ਐਚ.ਏ. ਨਾਲ ਰਜਿਸਟਰਡ ਕਲੀਨੀਕਲ ਸਾਈਕਲੋਜਿਸਟਾਂ, ਮੈਂਟਲ ਹੈਲਥ ਨਰਸਾਂ ਅਤੇ ਸਾਈਕੇਟਰਿਕ ਸੋਸ਼ਲ ਵਰਕਰਾਂ ਦੀ ਗਿਣਤੀ ਕਿੰਨੀ ਹੈ;

**ਸ)** ਕੀ ਐਸ.ਐਮ.ਐਚ.ਏ. ਨੇ ਮੈਂਟਲ ਹੈਲਥ ਕੇਅਰ ਐਕਟ 2017 ਦੁਆਰਾ ਤਾਕੀਦੀ ਹੁਕਮ ਅਨੁਸਾਰ ਸਾਰੇ ਮੈਂਟਲ ਹੈਲਥ ਅਦਾਰਿਆਂ ਅਤੇ ਪੇਸ਼ੇਵਰਾਂ ਦਾ ਰਜਿਸਟਰ ਔਨਲਾਈਨ ਪ੍ਰਕਾਸ਼ਿਤ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਜੇਕਰ ਅਜਿਹਾ ਨਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ;

**ਹ)** ਕੀ ਐਸ.ਐਮ.ਐਚ.ਏ. ਨੇ ਮੈਂਟਲ ਹੈਲਥ ਰਿਵਿਊ ਬੋਰਡ ਗਠਿਤ ਕੀਤੇ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਜੇਕਰ ਅਜਿਹਾ ਨਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ; ਅਤੇ

**ਕ)** ਸਰਕਾਰ ਵਲੋਂ ਮੈਂਟਲ ਹੈਲਥ ਕੇਅਰ ਐਕਟ, 2017 ਦੀ ਇੰਨ-ਬਿੰਨ ਪਾਲਣਾ ਦੇ ਉਪਬੰਧਾਂ ਨੂੰ ਅਸਲੀ ਰੂਪ ਵਿੱਚ ਲਿਆਉਣ ਲਈ ਕੀ ਕਦਮ ਚੁੱਕੇ ਗਏ ਹਨ?

**ਸਵੈ-ਸਹਾਇਤਾ ਪ੍ਰਾਪਤ ਸਹਿਕਾਰੀ ਸਭਾਵਾਂ ਦੇ ਕਰਜਾ ਮਾਫੀ ਦੇ ਵੇਰਵੇ**

248. **ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਨੇ ਪੰਜਾਬ ਵਿੱਚ ਸਵੈ-ਸਹਾਇਤਾ ਪ੍ਰਾਪਤ ਸਹਿਕਾਰੀ ਸਭਾਵਾਂ ਦਾ ਕਰਜਾ ਮੁਆਫ ਕਰ ਦਿੱਤਾ ਸੀ; ਜੇਕਰ ਹਾਂ ਤਾਂ ਇਸਦੇ ਵੇਰਵੇ ਕੀ ਹਨ;

**ਅ)** ਕੀ ਸਰਕਾਰ ਨੇ ਸਵੈ-ਸਹਾਇਤਾ ਪ੍ਰਾਪਤ ਸਹਿਕਾਰੀ ਸਭਾਵਾਂ ਦੇ ਕਰਜ ਦੀ ਅਦਾਇਗੀ ਕਰ ਦਿੱਤੀ ਹੈ; ਜੇਕਰ ਅਜਿਹਾ ਹੈ ਤਾਂ ਇਸਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਇਸਦੇ ਕਾਰਨ ਕੀ ਹਨ; ਅਤੇ

**ੲ)** ਸਵੈ-ਸਹਾਇਤਾ ਪ੍ਰਾਪਤ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਨੂੰ ਕਰਜਾ ਮੁਆਫੀ ਸਕੀਮ ਅਧੀਨ ਉਹਨਾਂ ਦਾ ਬਣਦਾ ਲਾਭ ਕਦੋਂ ਤੱਕ ਮਿਲੇਗਾ?

**ਸਰਕਾਰੀ ਹਸਪਤਾਲਾਂ ਵਿੱਚ I.C.U. ਸਥਾਪਤ ਕਰਨਾ**

250. **ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲਾ ਲੈਵਲ ਸਰਕਾਰੀ ਹਸਪਤਾਲਾਂ ਵਿੱਚ ਆਈ.ਸੀ.ਯੂ. ਸਥਾਪਤ ਕਰਨ ਦੀ ਸਰਕਾਰ ਦੀ ਕੋਈ ਤਜਵੀਜ ਹੈ; ਜੇਕਰ ਹੈ ਤਾਂ ਕਦੋਂ ਤੱਕ ਸਾਰੇ ਜਿਲ੍ਹਿਆਂ ਵਿੱਚ ਇਹ ਯੂਨਿਟ ਸਥਾਪਤ ਹੋ ਜਾਣਗੇ?

**ਹਲਕਾ ਤਰਨਤਾਰਨ ਦੀ ਪੰਚਾਇਤ ਅਤੇ ਹੋਰ ਸਰਕਾਰੀ ਜਮੀਨ ਕਬਜਾ ਮੁਕਤ ਕਰਨਾ**

251. **ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਤਰਨਤਾਰਨ ਹਲਕੇ ਵਿੱਚ ਕਿੰਨੀ ਪੰਚਾਇਤੀ ਅਤੇ ਕਿੰਨੀ ਹੋਰ ਸਰਕਾਰੀ ਜਮੀਨ ਤੇ ਨਜਾਇਜ਼ ਕਬਜਾ ਹੈ ਅਤੇ 20 ਫਰਵਰੀ 2023 ਤੱਕ ਕਿੰਨੀ ਜ਼ਮੀਨ ਤੋਂ ਨਜਾਇਜ਼ ਕਬਜੇ ਹਟਾਏ ਗਏ ਹਨ?

ਅ) ਉਪਰੋਕਤ ਸਰਕਾਰੀ ਜ਼ਮੀਨ ਕਦੋਂ ਤੱਕ ਕਬਜਾ ਮੁਕਤ ਹੋ ਜਾਵੇਗੀ?

**ਸਰਕਾਰੀ ਸਕੂਲਾਂ ਦੇ ਸਫਾਈ ਸੇਵਕਾਂ ਨੂੰ ਪੱਕਾ ਕਰਨਾ**

252. **ਸਰਦਾਰ ਲਾਭ ਸਿੰਘ ਉੱਗੋਕੇ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਸਰਕਾਰੀ ਸਕੂਲਾਂ ਦੇ ਸਫਾਈ ਸੇਵਕਾਂ ਨੂੰ ਪੱਕਾ ਕੀਤਾ ਜਾਵੇਗਾ, ਜੋ ਕਈ ਸਾਲਾਂ ਤੋਂ ਸਕੂਲਾਂ ਵਿੱਚ ਨਿਗੂਣੇ ਮਾਣ-ਭੱਤਿਆਂ ਤੇ ਕੰਮ ਕਰ ਰਹੀਆਂ/ਰਹੇ ਹਨ?

**ਹਲਕਾ ਮੌੜ ਦੇ ਪਿੰਡ ਯਾਤਰੀ ਦੇ ਕਿਸਾਨਾਂ ਲਈ ਲਿਫਟ ਸਕੀਮ ਲਗਾ ਕੇ ਪਾਣੀ ਮੁਹੱਈਆ ਕਰਵਾਉਣਾ**

253. **ਸਰਦਾਰ ਸੁਖਵੀਰ ਸਿੰਘ ਮਾਈਸਰ ਖਾਨਾ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਹਲਕਾ ਮੌੜ ਦੇ ਪਿੰਡ ਯਾਤਰੀ ਦੇ ਕਿਸਾਨਾਂ ਲਈ ਲਿਫਟ ਸਕੀਮ ਲਗਾ ਕੇ ਪਾਣੀ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਹੈ; ਜੇ ਅਜਿਹਾ ਹੈ ਤਾਂ ਕਦੋਂ ਤੱਕ; ਵੇਰਵੇ ਤਹਿਤ ਦੱਸਿਆ ਜਾਵੇ?

**ਪਰਤੋਂ ਜੀ......**

**ਪਿੰਡ ਰੱਲਾ ਤੋਂ ਘੁੰਮਣ ਰਜਵਾਹੇ ਵਿੱਚ ਪੈਣ ਵਾਲੇ ਸੀਵਰੇਜ ਦੇ ਪਾਣੀ ਨੂੰ ਰੋਕਣ ਲਈ ਉਪਰਾਲੇ ਕਰਨਾ**

254. **ਸਰਦਾਰ ਸੁਖਵੀਰ ਸਿੰਘ ਮਾਈਸਰ ਖਾਨਾ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਪਿੰਡ ਰੱਲਾ ਤੋਂ ਘੁੰਮਣ ਰਜਵਾਹੇ ਵਿੱਚ ਪੈਣ ਵਾਲੇ ਸੀਵਰੇਜ ਦੇ ਪਾਣੀ ਨੂੰ ਰੋਕਣ ਲਈ ਸਰਕਾਰ ਕੋਈ ਉਪਰਾਲੇ ਕਰ ਰਹੀ ਹੈ; ਜੇਕਰ ਸਰਕਾਰ ਦੀ ਇਸ ਸਬੰਧੀ ਕੋਈ ਯੋਜਨਾ ਹੈ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

**ਹਲਕਾ ਮੌੜ ਦੀਆਂ ਸੜਕਾਂ ਨੂੰ 10 ਤੋਂ 18 ਫੁੱਟੀਆਂ ਕਰਨਾ**

255. **ਸਰਦਾਰ ਸੁਖਵੀਰ ਸਿੰਘ ਮਾਈਸਰ ਖਾਨਾ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਹਲਕਾ ਮੌੜ ਦੀਆਂ ਸੜਕਾਂ ਨੂੰ 10 ਤੋਂ 18 ਫੁੱਟੀਆਂ ਕਰਨ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੈ ਤਾਂ ਉਸਦੇ ਕੀ ਵੇਰਵੇ ਕੀ ਹਨ ਅਤੇ ਇਸ ਪ੍ਰਕਿਰਿਆ ਨੂੰ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ?

**ਸੀਵਰੇਜ ਟਰੀਟਮੈਂਟ ਪਲਾਂਟ ਮੌੜ ਤੋਂ ਲਿਸਾੜਾ ਡਰੇਨ ਤੱਕ ਸੀਵਰੇਜ ਰਾਈਜਿੰਗ ਮੇਨ ਕਰਨਾ**

256. **ਸਰਦਾਰ ਸੁਖਵੀਰ ਸਿੰਘ ਮਾਈਸਰ ਖਾਨਾ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਇਹ ਠੀਕ ਹੈ ਕਿ ਸੀਵਰੇਜ ਟਰੀਟਮੈਂਟ ਪਲਾਂਟ ਮੌੜ ਮੰਡੀ ਤੋਂ ਲਿਸਾੜਾ ਡਰੇਨ ਤੱਕ ਸੀਵਰੇਜ ਰਾਈਜਿੰਗ ਮੇਨ ਨਹੀਂ ਪਈ ਹੋਈ, ਜੇਕਰ ਅਜਿਹਾ ਹੈ ਤਾਂ ਕੋਈ ਪ੍ਰੋਜੈਕਟ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕੀਤਾ ਜਾਵੇਗਾ?

**ਫਿਰੋਜ਼ਪੁਰ ਨੂੰ ਟੂਰਿਜ਼ਮ ਵੱਜੋਂ ਵਿਕਸਿਤ ਕਰਨ ਲਈ ਉਪਰਾਲੇ ਕਰਨਾ**

259. **ਸਰਦਾਰ ਰਣਬੀਰ ਸਿੰਘ ਭੁੱਲਰ, ਐਮ.ਐਲ.ਏ.:-** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਫਿਰੋਜ਼ਪੁਰ ਵਿਖੇ ਟੂਰਿਜ਼ਮ ਵਧਾਉਣ ਲਈ ਅਤੇ ਇਸ ਕੌਮੀ ਮਹੱਤਤਾ ਵਾਲੇ ਸਥਾਨ ਦੇ ਵਿਕਾਸ ਲਈ ਭਵਿੱਖ ਵਿੱਚ ਕੋਈ ਉਪਰਾਲੇ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

**ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਿਰੋਜ਼ਪੁਰ ਨੂੰ ਬਣਾਉਣ ਸਮੇਂ ਵਰਤੀ ਗਈ ਅਣਗਹਿਲੀ ਲਈ ਜਿੰਮੇਵਾਰ ਅਧਿਕਾਰੀਆਂ ਖਿਲਾਫ ਕਾਰਵਾਈ**

260. **ਸਰਦਾਰ ਰਣਬੀਰ ਸਿੰਘ ਭੁੱਲਰ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਿਰੋਜ਼ਪੁਰ ਜਿਸ ਵਿੱਚ ਲਗਭਗ ਸਾਰੇ ਸਰਕਾਰੀ ਵਿਭਾਗਾਂ ਦੇ ਦਫ਼ਤਰ ਹਨ ਪਰ ਇਸ ਦੀ ਹਾਲਤ ਬਹੁਤ ਜ਼ਿਆਦਾ ਤਰਸਯੋਗ ਹੈ; ਕੀ ਇਸ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੂੰ ਬਣਾਉਣ ਸਮੇਂ ਵਰਤੀ ਗਈ ਅਣਗਹਿਲੀ ਲਈ ਜਿੰਮੇਵਾਰ ਅਧਿਕਾਰੀਆਂ ਖਿਲਾਫ ਸਰਕਾਰ ਕੋਈ ਕਾਰਵਾਈ ਕਰੇਗੀ ਅਤੇ ਕੀ ਇਸ ਕੰਪਲੈਕਸ ਦੀ ਹਾਲਤ ਵਿੱਚ ਸੁਧਾਰ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸੂਬੇ ਦੀ ਖੇਤੀਬਾੜੀ ਪਾਲਿਸੀ**

261. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਦੀ ਖੇਤੀਬਾੜੀ ਪਾਲਿਸੀ, ਜੇ ਕੋਈ ਹੈ, ਕਦੋਂ ਬਣਾਈ ਗਈ ਸੀ; ਵੇਰਵੇ ਸਹਿਤ ਦੱਸਿਆ ਜਾਵੇ?

**ਪੰਜਾਬ ਦੇ ਸਕੂਲਾਂ ਵਿੱਚ ਫਿਜ਼ੀਕਲ ਐਜੂਕੇਸ਼ਨ ਦੇ ਅਧਿਆਪਕ ਤਾਇਨਾਤ ਕਰਵਾਉਣਾ**

262. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਦੇ ਕਿੰਨੇ ਮਿਡਲ ਅਤੇ ਸੈਕੰਡਰੀ ਸਕੂਲਾਂ ਵਿੱਚ ਫਿਜਿਕਲ ਐਜੂਕੇਸ਼ਨ ਦੇ ਅਧਿਆਪਕ ਹਨ ਅਤੇ ਕਿੰਨਿਆ ਵਿੱਚ ਨਹੀਂ ਹਨ; ਕੀ ਭਵਿੱਖ ਵਿੱਚ ਸਾਰੇ ਸਕੂਲਾਂ ਵਿੱਚ ਫਿਜੀਕਲ ਐਜੂਕੇਸ਼ਨ ਦੇ ਅਧਿਆਪਕ ਤਾਇਨਾਤ ਕਰਵਾਉਣ ਦੀ ਕੋਈ ਯੋਜਨਾ ਹੈ?

**ਜੀ.ਜੀ.ਐਸ.ਟੀ.ਪੀ ਰੂਪਨਗਰ ਦੇ ਕੱਚੇ ਵਰਕਰਾਂ ਤੇ ਰੈਗੂਲੇਸ਼ਨ ਅਤੇ ਐਗੂਲੇਸ਼ਨ ਐਕਟ 1972 ਦੀ ਧਾਰਾ 25(2)(5) ਲਾਗੂ ਕਰਨਾ**

263. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਜੀ.ਜੀ.ਐਸ.ਟੀ.ਪੀ ਰੂਪਨਗਰ ਵਿੱਚ ਕੰਮ ਕਰਦੇ ਕੱਚੇ ਵਰਕਰਾਂ ਉੱਤੇ ਕੰਟਰੈਕਟ ਰੈਗੂਲੇਸ਼ਨ ਅਤੇ ਐਗੂਲੇਸ਼ਨ ਐਕਟ 1972 ਦੀ ਧਾਰਾ 25(2)(5) ਲਾਗੂ ਹੈ; ਜੇ ਲਾਗੂ ਹੈ ਤਾਂ ਕੀ ਇਸ ਧਾਰਾ ਅਨੁਸਾਰ ਇਸ ਪਲਾਟ ਵਿੱਚ ਇਕੋ ਥਾਂ ਤੇ ਕੰਮ ਕਰ ਰਹੇ ਕੱਚੇ ਅਤੇ ਰੈਗੂਲਰ ਵਰਕਰਾਂ ਨੂੰ ਬਰਾਬਰ ਤਨਖਾਹ ਦਿੱਤੀ ਜਾ ਰਹੀ ਹੈ; ਜੇਕਰ ਇਹ ਧਾਰਾ ਲਾਗੂ ਨਹੀਂ ਹੈ ਤਾਂ ਇਸ ਦੇ ਕੀ ਕਾਰਨ ਹਨ ਅਤੇ ਭਵਿੱਖ ਵਿਚ ਇਸਨੂੰ ਲਾਗੂ ਕਰਨ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ;

ਅ) ਜੀ.ਜੀ.ਐਸ.ਟੀ.ਪੀ ਰੋਪੜ ਵਿੱਚ ਕੰਮ ਕਰ ਰਹੇ ਕੱਚੇ ਮੁਲਾਜਮਾਂ ਦੇ ਵੱਖ ਵੱਖ ਭੱਤਿਆਂ ਵਿੱਚ ਵਾਧਾ ਕਰਨ ਲਈ ਬਣਾਈਆਂ ਗਈਆਂ ਪਰਪੋਜ਼ਲਾ ਦਾ ਕੀ ਸਟੇਟਸ ਹੈ ਅਤੇ ਇਹ ਕਦੋ ਤੱਕ ਲਾਗੂ ਹੋ ਜਾਣਗੀਆਂ?

**ਜੀ.ਜੀ.ਐਸ.ਟੀ.ਪੀ ਰੂਪਨਗਰ ਦੀ ਨੂੰਹੋ ਕਲੋਨੀ ਵਿੱਚ ਖਾਲੀ ਮਕਾਨਾਂ ਨੂੰ ਕੰਟਰੈਕਟ ਵਰਕਰਾਂ ਨੂੰ ਅਲਾਟ ਕਰਨਾ**

264. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੀ.ਜੀ.ਐਸ.ਟੀ.ਪੀ ਰੂਪਨਗਰ ਦੀ ਨੂੰਹੋ ਕਲੋਨੀ ਵਿੱਚ ਖਾਲੀ ਪਏ ਖੰਡਰ ਬਣ ਰਹੇ ਮਕਾਨਾਂ ਨੂੰ ਕੰਟਰੈਕਟ/ਆਊਟਸੋਰਸ ਵਰਕਰਾਂ ਨੂੰ ਅਲਾਟ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਬਾਬਾ ਬਕਾਲਾ ਵਿੱਚ ਨਹਿਰੀ ਪਾਣੀ ਦੀ ਸਿੰਚਾਈ ਲਈ ਵਾਹੇ ਗਏ ਸਰਕਾਰੀ ਆੜ ਖਾਲ ਛੁਡਵਾਉਣਾ**

267. **ਸਰਦਾਰ ਦਲਬੀਰ ਸਿੰਘ ਟੌਂਗ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਬਾਬਾ ਬਕਾਲਾ ਸਾਹਿਬ ਵਿੱਚ ਨਹਿਰੀ ਪਾਣੀ ਦੀ ਸਿੰਚਾਈ ਲਈ ਜੋ ਸਰਕਾਰੀ ਆੜ ਖਾਲ ਵਾਹ ਲਏ ਗਏ ਜਾਂ ਨਜਾਇਜ਼ ਕਬਜੇ ਹੇਠ ਹਨ ਉਹਨਾਂ ਨੂੰ ਛੁਡਾਉਣ ਦੇ ਕੋਈ ਪ੍ਰਬੰਧ ਸਰਕਾਰ ਦੁਆਰਾ ਕੀਤੇ ਜਾ ਰਹੇ ਹਨ; ਜੇਕਰ ਕੀਤੇ ਜਾ ਰਹੇ ਹਨ ਤਾਂ ਕਿੰਨੇ ਸਮੇਂ ਤੱਕ ਇਹ ਕੰਮ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਰਾਜ ਵਿੱਚ ਐਮਰਜੈਂਸੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਚਲਾਈਆਂ ਜਾਂਦੀਆਂ ਐਂਬੂਲੈਂਸਾਂ ਦੀ ਤਾਜਾ ਸਥਿਤੀ**

268. **ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਸਰਕਾਰ ਦੁਆਰਾ ਰਾਜ ਵਿੱਚ ਐਮਰਜੈਂਸੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਕਿੰਨੀਆਂ ਐਂਬੂਲੈਂਸਾਂ ਚਲਾਈਆਂ ਜਾ ਰਹੀਆਂ ਹਨ;

**ਅ)** ਕੀ ਅਜਿਹੀਆਂ ਚਲਾਈਆਂ ਜਾ ਰਹੀਆਂ ਐਂਬੂਲੈਂਸਾਂ ਦੀ ਗਿਣਤੀ ਆਬਾਦੀ ਦੀ ਜ਼ਰੂਰਤ ਦੇ ਅਨੁਪਾਤ ਅਨੁਸਾਰ ਹੈ;

**ੲ)** ਐਂਬੂਲੈਂਸਾਂ ਵਿੱਚ ਐਮਰਜੈਂਸੀ ਸੇਵਾਵਾਂ ਮੁਹੱਈਆ ਕਰਨ ਲਈ ਪੈਰਾਮੈਡਿਕਸ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

**ਸ)** ਉਕਤ ਵਿੱਚੋਂ ਇਸ ਸਮੇਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ;

**ਹ)** ਕੀ ਪੈਰਾਮੈਡਿਕਸ ਨੂੰ ਐਮਰਜੈਂਸੀ ਸਿਹਤ ਸਥਿਤੀਆਂ ਨਾਲ ਨਜਿੱਠਣ ਲਈ ਅਤੇ ਜਾਨ ਬਚਾਉਣ ਲਈ ਲੋੜੀਂਦੀ ਸਿਖਲਾਈ ਮੁਹੱਈਆ ਕਰਵਾਈ ਜਾਂਦੀ ਹੈ;

**ਕ)** ਖਾਲੀ ਅਸਾਮੀਆਂ ਨੂੰ ਭਰਨ ਲਈ ਅਤੇ ਪੈਰਾਮੈਡਿਕਸ ਨੂੰ ਲੋੜੀਂਦੀ ਸਿਖਲਾਈ ਮੁਹੱਈਆ ਕਰਵਾਉਣ ਲਈ ਸਰਕਾਰ ਦੁਆਰਾ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਹਨ?

**ਰਾਜ ਵਿੱਚ ਖਾਲੀ ਪਏ ਸਰਕਾਰੀ ਕੁਆਰਟਰ/ਕੋਠੀਆਂ ਦੇ ਵੇਰਵੇ**

269. **ਸਰਦਾਰ ਅਜੀਤਪਾਲ ਸਿੰਘ ਕੋਹਲੀ ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਰਾਜ ਵਿੱਚ ਜਿਲ੍ਹਾ ਵਾਈਜ਼ ਕਿੰਨੇ ਸਰਕਾਰੀ ਕੁਆਰਟਰ/ਕੋਠੀਆਂ ਕਦੋਂ ਤੋਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਦੇ ਖਾਲੀ ਰਹਿਣ ਦੇ ਕੀ ਕਾਰਨ ਹਨ;

**ਅ)** ਇਨ੍ਹਾਂ ਕੋਠੀਆਂ ਵਿੱਚੋਂ ਕਿੰਨੀਆਂ ਕੋਠੀਆਂ ਖਾਲੀ ਰਹਿਣ ਜਾਂ ਦੇਖਭਾਲ ਨਾ ਕਰਨ ਕਰਕੇ ਖੰਡਰਾਤ ਦਾ ਰੂਪ ਧਾਰਨ ਕਰ ਗਈਆਂ ਹਨ ਅਤੇ ਇਸ ਲਾਪਰਵਾਹੀ ਲਈ ਕਿਹੜੇ ਕਿਹੜੇ ਅਧਿਕਾਰੀ ਜ਼ਿੰਮੇਵਾਰ ਹਨ;

**ੲ)** ਕੀ ਸਰਕਾਰ ਨੇ ਇਨ੍ਹਾਂ ਕੁਆਰਟਰਾਂ/ਕੋਠੀਆਂ ਦੀ ਅੱਗੋਂ ਕਿਰਾਏ ਤੇ ਦੇਣ ਦੀਆਂ ਸ਼ਿਕਾਇਤਾਂ ਦੇ ਮੱਦੇ ਨਜ਼ਰ ਸਮੇਂ ਸਮੇਂ ਚੈਕਿੰਗ ਵੀ ਕੀਤੀ ਹੈ; ਜੇ ਅਜਿਹਾ ਹੋਵੇ ਤਾਂ ਸਾਲ 2017 ਤੋਂ ਮਿਤੀ ਅੰਤ ਤੱਕ ਦਾ ਵੇਰਵਾ ਦਿੱਤਾ ਜਾਵੇ ਅਤੇ ਇਹ ਵੀ ਦੱਸਿਆ ਜਾਵੇ ਕਿ ਇਸ ਵਾਸਤੇ ਦੋਸ਼ੀ ਅਲਾਟੀਆਂ/ਅਧਿਕਾਰੀਆਂ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ?

**ਪਰਤੋਂ ਜੀ.......**

**ਐਰੋਸਿਟੀ ਮੁਹਾਲੀ ਵਿਖੇ ਸ਼ਹੀਦ ਭਗਤ ਸਿੰਘ ਅੰਤਰਾਸ਼ਟਰੀ ਹਵਾਈ ਅੱਡੇ ਨੂੰ ਜਾਂਦੀਆਂ ਵੱਖ ਵੱਖ ਸੜਕਾਂ ਦੇ ਨਵੀਨੀਕਰਨ ਦਾ ਵੇਰਵਾ**

270. **ਸਰਦਾਰ ਅਜੀਤਪਾਲ ਸਿੰਘ ਕੋਹਲੀ ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਐਰੋਸਿਟੀ ਮੁਹਾਲੀ ਵਿਖੇ ਸ਼ਹੀਦ ਭਗਤ ਸਿੰਘ ਅੰਤਰਾਸ਼ਟਰੀ ਹਵਾਈ ਅੱਡੇ ਨੂੰ ਜਾਂਦੀਆਂ ਵੱਖ ਵੱਖ ਸੜਕਾਂ ਦਾ ਸਭ ਤੋਂ ਪਹਿਲੀ ਵਾਰ ਕਦੋਂ ਨਵੀਨੀਕਰਨ ਕੀਤਾ ਗਿਆ ਹੈ;

ਅ) ਇਸ ਦੇ ਨਵੀਨੀਕਰਨ ਲਈ ਕੀ ਮਾਪਦੰਡ ਅਪਣਾਏ ਗਏ ਅਤੇ ਕਦੋਂ ਟੈਂਡਰ ਕੀਤਾ ਗਿਆ ਸੀ;

ੲ) ਇਸ ਟੈਂਡਰ ਵਿੱਚ ਕਿੰਨੀਆਂ ਕੰਪਨੀਆਂ ਨੇ ਟੈਂਡਰ ਭੇਜੇ ਅਤੇ ਕਿਹੜੀ ਕੰਪਨੀ ਨੂੰ ਟੈਂਡਰ ਅਲਾਟ ਕੀਤਾ ਗਿਆ ਹੈ;

ਸ) ਇਨ੍ਹਾਂ ਸੜਕਾਂ ਦੇ ਵਾਰ ਵਾਰ ਟੁੱਟਣ ਕਾਰਨ ਹੁਣ ਤੱਕ ਵੱਖ ਵੱਖ ਪੱਧਰਾਂ ਤੇ ਕੀ ਕਾਰਵਾਈ ਕੀਤੀ ਗਈ ਹੈ ਅਤੇ ਇਨ੍ਹਾਂ ਸੜਕਾਂ ਤੇ ਕਿੰਨੀ ਰਕਮ ਖਰਚ ਹੋ ਚੁੱਕੀ ਹੈ;

ਹ) ਕੀ ਸਰਕਾਰ ਇਨ੍ਹਾਂ ਸੜਕਾਂ ਦੀ ਪੂਰਨ ਜਾਂਚ ਲਈ ਹਾਊਸ ਦੀ ਕਮੇਟੀ ਬਣਾਉਣ ਦਾ ਵਿਚਾਰ ਕਰੇਗੀ?

**ਮਿਤੀ 16-03-2022 ਤੋਂ ਹੁਣ ਤੱਕ ਰਾਜ ਦੀਆਂ ਗ੍ਰਾਮ ਪੰਚਾਇਤਾਂ ਨੂੰ ਬਲਾਕ-ਵਾਰ ਜਾਰੀ ਕੀਤੀ ਗਈ ਗ੍ਰਾਂਟ ਦੀ ਰਾਸ਼ੀ ਦੇ ਵੇਰਵੇ**

271. **ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਮਿਤੀ 16-03-2022 ਤੋਂ ਹੁਣ ਤੱਕ ਰਾਜ ਦੀਆਂ ਗ੍ਰਾਮ ਪੰਚਾਇਤਾਂ ਨੂੰ ਬਲਾਕ-ਵਾਰ ਗ੍ਰਾਂਟ ਵਜੋਂ ਕਿੰਨੀ ਰਾਸ਼ੀ ਜਾਰੀ ਕੀਤੀ ਗਈ;

**ਅ)** ਉਪਰੋਕਤ ਗ੍ਰਾਂਟਾਂ ਕਿਸ ਹੈਡ (ਹੈਡਜ਼) ਅਧੀਨ ਜਾਰੀ ਕੀਤੀਆਂ ਗਈਆਂ ਅਤੇ ਵਿਭਾਗ ਦੁਆਰਾ ਕਿਸ ਮਿਤੀ (ਮਿਤੀਆਂ) ਨੂੰ ਇਨ੍ਹਾਂ ਗ੍ਰਾਂਟਾਂ ਲਈ ਮੰਨਜੂਰੀ ਪ੍ਰਾਪਤ ਕੀਤੀ ਗਈ;

**ੲ)** ਮਨਰੇਗਾ ਤਹਿਤ ਰਾਜ ਵਿਚ ਗ੍ਰਾਮ ਪੰਚਾਇਤਾਂ ਨੂੰ 01 ਅਪ੍ਰੈਲ 2022 ਤੋਂ ਹੁਣ ਤੱਕ ਬਲਾਕ-ਵਾਰ ਜਾਰੀ ਕੀਤੀ ਗਈ ਰਾਸ਼ੀ ਕਿੰਨੀ ਹੈ ਅਤੇ ਮਨਰੇਗਾ ਅਧੀਨ ਮੌਜੂਦਾ ਸਮੇਂ ਤੱਕ ਵੀ ਗ੍ਰਾਮ ਪੰਚਾਇਤਾਂ ਨੂੰ ਜਾਰੀ ਕੀਤੀ ਜਾਣ ਵਾਲੀ ਪੈਂਡਿੰਗ ਕੁੱਲ ਰੱਕਮ ਕਿੰਨੀ ਹੈ?

**ਚੰਡੀਗੜ੍ਹ**
**ਮਿਤੀ 21 ਮਾਰਚ, 2023**

**ਸੁਰਿੰਦਰ ਪਾਲ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**

**ਨੋਟ:- ਜੇਕਰ ਕੋਈ ਪ੍ਰਸ਼ਨ ਕਿਸੇ ਦੂਜੇ ਵਿਭਾਗ ਨੂੰ ਤਬਦੀਲ ਹੁੰਦਾ ਹੈ ਤਾਂ ਉਹ ਉਸੇ ਵਿਭਾਗ ਦਾ ਹੀ ਸਮਝਿਆ ਜਾਵੇਗਾ, ਜਿਸਨੂੰ ਤਬਦੀਲ ਕੀਤਾ ਗਿਆ ਹੈ।**